Alberta

**ਨਿਊਜ਼** ਰਿਲੀਜ਼

# ਸਕੂਲਾਂ ‘ਚ ਬੱਚਿਆਂ ਅਤੇ ਨਵਯੁਵਕਾਂ ਦੀ ਮਾਨਸਿਕ ਸਿਹਤ ‘ਚ ਸੁਧਾਰ ਲਿਆਉਣਾ

28 ਜੁਲਾਈ 2022

ਐਲਬਰਟਾ ਸਰਕਾਰ ਬੱਚਿਆਂ ਅਤੇ ਨਵਯੁਵਕਾਂ ਲਈ ਮਾਨਸਿਕ ਸਿਹਤ ਅਤੇ ਬਾਲ ਰੋਗਾਂ ਸਬੰਧੀ ਮੁੜ-ਬਹਾਲੀ ਸਹਾਇਤਾ ਤੱਕ ਪਹੁੰਚ ਵਿਚ ਸੁਧਾਰ ਲਿਆਉਣ ਲਈ ਤਿੰਨ ਸਾਲਾਂ ਦੌਰਾਨ 87 ਮਿਲੀਅਨ ਡਾਲਰ ਮੁਹੱਈਆ ਕਰ ਰਹੀ ਹੈ।

ਐਲਬਰਟਾ ਦੇ ਮਾਨਿਸਕ ਸਿਹਤ ਅਤੇ ਨਸ਼ੇੜੀਪੁਣੇ ਦੇ ਰਿਕਵਰੀ-ਕੇਂਦਰਿਤ ਕੇਅਰ ਸਿਸਟਮ ਦੇ ਇਕ ਭਾਗ ਵਜੋਂ, ਇਹ ਜ਼ਰੂਰੀ ਹੈ ਕਿ ਬੱਚਿਆਂ ਅਤੇ ਨਵਯੁਵਕਾਂ ਨੂੰ ਆਪਣੀ ਮਾਨਸਿਕ ਸਿਹਤ ਸੁਧਾਰਨ ਵਾਸਤੇ ਸਹਾਇਤਾ ਮੌਜੂਦ ਹੋਵੇ। ਇਹ ਵਿਦਿਅਰਥੀਆਂ ਲਈ ਸਕਲਾਂ ‘ਚ ਮਿਲਦੀ ਸਹਾਇਤਾ ਤੱਕ ਪਹੁੰਚ ਨੂੰ ਸੁਧਾਰਨ ਨਾਲ ਸ਼ੁਰੂ ਹੁੰਦਾ ਹੈ। ਤਿੰਨ ਸਾਲਾਂ ਦੌਰਾਨ 42 ਮਿਲੀਅਨ ਡਾਲਰ ਦੀ ਨਵੀਂ ਫੰਡਿੰਗ ਸਕੂਲਾਂ ‘ਚ ਮਾਨਸਿਕ ਤੰਦਰੁਸਤੀ ਲਈ ਸਹਾਇਤਾ ਅਤੇ ਕਲਿਨੀਕਲ ਮਾਨਸਿਕ ਸਿਹਤ ਲਈ ਸਹਾਇਤਾ ਤੱਕ ਪਹੁੰਚ ਵਿਚ ਵਾਧਾ ਕਰੇਗੀ।

ਇਸ ਤੋਂ ਇਲਾਵਾ, ਐਲਬਰਟਾ ਸਰਕਾਰ ਬੱਚਿਆਂ ਅਤੇ ਨਵਯੁਵਕਾਂ ਲਈ ਬਾਲ ਰੋਗ ਮੁੜ-ਬਹਾਲੀ ਸਹਾਇਤਾ ਤੱਕ ਪਹੁੰਚ ਵਿਚ ਸੁਧਾਰ ਲਿਆ ਰਹੀ ਹੈ। ਤਿੰਨ ਸਾਲਾਂ ਦੌਰਾਨ 45 ਮਿਲੀਅਨ ਡਾਲਰ ਦੀ ਨਵੀਂ ਫੰਡਿੰਗ ਬਾਲ ਰੋਗ ਮੁੜ-ਬਹਾਲੀ ਸੇਵਾਵਾਂ ਅਤੇ ਪ੍ਰੋਗਰਾਮ, ਜਿਵੇਂ ਸਪੀਚ ਲੈਂਗੁਏਜ, ਆਕੂਪੇਸ਼ਨਲ ਅਤੇ ਫਿਜ਼ੀਕਲ ਥੈਰੇਪੀ ਤੱਕ ਪਹੁੰਚ ਵਿੱਚ ਵਾਧਾ ਕਰੇਗੀ।

## ਮਾਨਸਿਕ ਸਿਹਤ ਸਹਾਇਤਾ

ਤਿੰਨ ਸਾਲਾਂ ਦੌਰਾਨ 42 ਮਿਲੀਅਨ ਡਾਲਰ ਦਾ ਇਕ ਪੂੰਜੀ-ਨਿਵੇਸ਼ ਸਕੂਲਾਂ ‘ਚ ਬੱਚਿਆਂ ਅਤੇ ਨਵਯੁਵਕਾਂ ਲਈ ਮਾਨਸਿਕ ਸਿਹਤ ਸਹਾਇਤਾ ਤੱਕ ਪਹੁੰਚ ਵਿੱਚ ਵਿਸਤਾਰ ਲਿਆਵੇਗਾ। ਸੂਬੇ ਭਰ ‘ਚ ਇੰਨ੍ਹਾਂ ਸੇਵਾਵਾਂ ‘ਚ ਵਾਧਾ ਕਰਨ ਵਾਸਤੇ ਵਿਸਤਾਰ ਲਿਆਉਣ ਦੀ ਯੋਜਨਾਂ ਦੇ ਇਕ ਭਾਗ ਵਜੋਂ ਇਹ ਸਹਾਇਤਾ ਇਸ ਸਕੂਲੀ ਵਰ੍ਹੇ ਕੈਲਗਰੀ ਅਤੇ ਐਡਮਿੰਟਨ ਜ਼ੋਨਾਂ ਦੀਆਂ ਕਮਿਊਨਿਟੀਆਂ ‘ਚ ਉਪਲਬਧ ਹੋਵੇਗੀ।

CASA Child, Adolescent and Family Mental Health ਹੋਰ ਭਾਈਵਾਲਾਂ ਸਹਿਤ, ਇਕ ਏਕੀਕ੍ਰਿਤ ਸਕੂਲ-ਅਧਾਰਿਤ ਸਰਵਿਸ ਮਾਡਲ ਤਿਆਰ ਕਰਨ ‘ਚ ਸਹਿਯੋਗ ਦੇ ਰਹੀ ਹੈ। ਇਹ ਮੌਜੂਦਾ ਕਮਿਊਨਿਟੀ ਸਰੋਤਾਂ ਨਾਲ ਸਪੱਸ਼ਟ ਸਬੰਧ ਪੇਸ਼ ਕਰੇਗੀ ਤਾਂ ਕਿ ਐਲਬਰਟਾ ਦੇ ਪਰਿਵਾਰਾਂ ਅਤੇ ਬੱਚਿਆਂ ਲਈ ਉਨ੍ਹਾਂ ਸੇਵਾਵਾਂ ਤੱਕ ਪਹੁੰਚ ਨੂੰ ਵਧੇਰੇ ਸੁਖਾਲਾ ਕੀਤਾ ਜਾ ਸਕੇ।

ਵਧੇਰੇ ਗੁੰਝਲਦਾਰ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਨਵੇਂ ਮਾਨਸਿਕ ਸਿਹਤ ਕਲਾਸਰੂਮਾਂ ਦੁਆਰਾ ਵਿਸ਼ੇਸ਼ੀਕ੍ਰਿਤ ਕਲਿਨੀਕਲ ਸੇਵਾਵਾਂ ਉਪਲਬਧ ਹੋਣਗੀਆਂ। ਮਾਨਸਿਕ ਸਿਹਤ ਕਲਾਸਰੂਮ ਟੀਮਾਂ ਇਕ ਮਾਨਸਿਕ ਸਿਹਤ ਥੈਰੇਪਿਸਟ, ਸਾਈਕਿਐਟ੍ਰਿਸਟ, ਅਤੇ ਕਲਾਸਰੂਮ ਬਿਹੇਵਿਅਰਲ ਸਪੈਸ਼ਲਿਸਟ ਦੀਆਂ  ਬਣੀਆਂ ਹੋਈਆਂ ਹੋਣਗੀਆਂ। ਇਨ੍ਹਾਂ ਟੀਮਾਂ ਨੂੰ ਇਕ ਸਿਹਤ ਟੀਮ ਦਾ ਸਹਿਯੋਗ ਪ੍ਰਾਪਤ ਹੋਵੇਗਾ ਜਿਸ ‘ਚ ਸ਼ਾਮਲ ਹੋਣਗੇ, ਇਕ ਨਰਸ, ਸੋਸ਼ਲ ਵਰਕਰ,  ਐਜੁਕੇਸ਼ਨਲ ਸਾਈਕਾਲੋਜਿਸਟ, ਸਪੀਚ ਅਤੇ ਲੈਂਗੁਏਜ ਥੈਰੇਪਿਸਟ ਅਤੇ ਆਕੂਪੇਸ਼ਨਲ ਥੈਰੇਪਿਸਟ। ਇਹ ਸੇਵਾਵਾਂ ਪਹਿਲਾਂ ਐਡਮਿੰਟਨ ਜ਼ੋਨ ਦੇ ਕੁਝ ਚੁਣਵੇਂ ਸਕੂਲਾਂ ‘ਚ ਸਥਾਪਤ ਹੋਣਗੀਆਂ, ਬਾਦ ਵਿਚ ਇਹ ਹੋਰ ਸੂਬੇ ਭਰ ‘ਚ ਆਉਂਦੀਆਂ ਜਾਣਗੀਆਂ।

ਇਹ ਫੰਡਿੰਗ ਇੰਟੇਗਰੇਟਿਡ ਸਕੂਲ ਸੁਪੋਰਟ ਪ੍ਰੋਗਰਾਮ (ISSP) ਦਾ ਵੀ ਵਿਸਤਾਰ ਕਰੇਗੀ। ਆਈ ਐੱਸ ਐੱਸ ਪੀ ਬੱਚਿਆਂ ਅਤੇ ਨਵਯੁਵਕਾਂ ਨੂੰ ਰੋਕਥਾਮ ਅਤੇ ਅਗੇਤੇ ਦਖਲ ਦੀ ਸਹਾਇਤਾ ਪ੍ਰਦਾਨ ਕਰਦਾ ਹੈ, ਜਿਹੜੀ ਤਾਕਤ ਅਤੇ ਮੁੜ-ਬਹਾਲੀ ਪੈਦਾ ਕਰਨ ਦੁਆਰਾ ਉਨ੍ਹਾਂ ਨੂੰ ਆਪਣੀ ਮਾਨਸਿਕ ਸਿਹਤ, ਤੰਦਰੁਸਤੀ ਅਤੇ ਜ਼ਿੰਦਗੀ ਦੀ ਕੁਆਲਿਟੀ ਨੂੰ ਚੰਗੇਰੀ ਬਣਾਉਣ 'ਚ ਮਦਦ ਕਰਦੀ ਹੈ। ਕੈਲਗਰੀ ਪੁਲਿਸ ਯੂਥ ਫੈਡੇਰਸ਼ਨ ਦੀ ਅਗਵਾਈ ਦੁਆਰਾ ਆਈ ਐੱਸ ਐੱਸ ਪੀ ਪ੍ਰੋਗਰਾਮ 'ਚ ਸਕੂਲਾਂ 'ਚ ਮਿਲਦੀ ਕਈ ਪ੍ਰਕਾਰ ਦੀ ਸਹਾਇਤਾ ਸ਼ਾਮਲ ਹੈ ਜਿਵੇਂ ਕਿ ਖਾਣੇ ਦੇ ਪ੍ਰੋਗਰਾਮ, ਸਕੂਲ ਤੋਂ ਮਗਰੋਂ ਦੀ ਸਾਂਭ-ਸੰਭਾਲ, ਸੰਰਚਨਾਮਈ ਸਰੀਰਕ ਸਿੱਖਿਆ ਅਤੇ ਮਾਨਸਿਕ ਸਿਹਤ ਪ੍ਰੋਫੈਸ਼ਨਲਾਂ ਤੱਕ ਪਹੁੰਚ। ਨਵੀਂ ਫੰਡਿੰਗ ਪਹਿਲਾਂ ਆਈ ਐੱਸ ਐੱਸ ਪੀ ਨੂੰ ਕੈਲਗਰੀ ਜ਼ੋਨ ਦੇ ਹੋਰ ਵਧੇਰੇ ਸਕੂਲਾਂ ਤੱਕ ਫੈਲਾਏਗੀ, ਜਿਸ ਉਪਰੰਤ ਸੂਬੇ ਭਰ 'ਚ ਜ਼ਰੂਰਤ ਵਾਲੀਆਂ ਕਮਿਊਨਿਟੀਆਂ 'ਚ ਪ੍ਰੋਗਰਾਮ ਨੂੰ ਫੈਲਾਏਗੀ।

ਇਹ ਨਵੀਂਆਂ ਮਾਨਸਿਕ ਸਿਹਤ ਸਹਾਇਤਾਵਾਂ 2022-23 ਅਤੇ 2023-24 ਲਈ ਪ੍ਰਤਿ ਸਾਲ 10 ਮਿਲੀਅਨ ਡਾਲਰ ਤੱਕ ਦੀ ਮਿਲੀ ਸਹਾਇਤਾ ਤੋਂ ਵਧੀਕ ਹੋਣਗੀਆਂ ਜਿਹੜੀ ਕਿ ਮਾਨਸਿਕ ਸਿਹਤ ਸਹਾਇਤਾ ਅਤੇ ਵਿਦਿਆਰਥੀਆਂ ਲਈ ਸੇਵਾਵਾਂ ਅਤੇ ਸਕੂਲ ਕਮਿਊਨਿਟੀ ਲਈ ਟੂਲ, ਟਰੇਨਿੰਗ ਅਤੇ ਸਰੋਤਾਂ ਦੀ ਪ੍ਰਦਾਨਗੀ ਨੂੰ ਸੁਧਾਰਨ 'ਤੇ ਕੇਂਦਰਿਤ ਪਾਇਲਟ ਪ੍ਰਜੈਕਟਾਂ ਦੀ ਸਹਾਇਤਾ ਲਈ ਅਲਾਟ ਕੀਤੀ ਜਾ ਚੁੱਕੀ ਹੈ।

## ਬਾਲ ਰੋਗ ਮੁੜ-ਬਹਾਲੀ ਸੇਵਾਵਾਂ

ਤਿੰਨ ਸਾਲਾਂ ਦੌਰਾਨ 45 ਮਿਲੀਅਨ ਡਾਲਰ ਦਾ ਇਕ ਪੂੰਜੀ-ਨਿਵੇਸ਼ ਬਾਲ ਰੋਗ ਮੁੜ-ਬਹਾਲੀ ਸੇਵਾਵਾਂ ਅਤੇ ਪ੍ਰੋਗਰਾਮਾਂ ਤੱਕ ਪਹੁੰਚ ਨੂੰ ਵਧਾਏਗਾ ਅਤੇ ਉਨਾਂ ਦੀ ਕੁਆਲਿਟੀ 'ਚ ਸੁਧਾਰ ਲਿਆਏਗਾ, ਜਿਵੇਂ ਕਿ ਸਪੀਚ-ਲੈਂਗੁਏਜ, ਆਕੂਪੇਸ਼ਨਲ ਅਤੇ ਫਿਜ਼ੀਕਲ ਥੈਰੇਪੀ। ਇਹ ਸਹਾਇਤਾ ਸੂਬੇ ਭਰ 'ਚ ਐਲਬਰਟਾ ਹੈਲਥ ਸਰਵਿਸ ਵੱਲੋਂ ਸਕੂਲਾਂ ਵਿਚਲੇ ਅਗੇਤੀ ਪਛਾਣ ਕਰਨ ਦੇ ਯਤਨਾਂ ਦੇ ਸਹਿਯੋਗ ਨਾਲ ਪ੍ਰਦਾਨ ਕੀਤੀ ਜਾਵੇਗੀ।

ਫੰਡਿੰਗ ਹੇਠ ਲਿਖਿਆਂ 'ਚ ਸਹਾਇਤਾ ਕਰੇਗੀ:

- ਸਪੱਸ਼ਟ ਇੰਨਟੇਕ, ਟ੍ਰੀਏਜ ਅਤੇ ਸੇਵਾਵਾਂ ਤੱਕ ਪਹੁੰਚ ਸਥਾਪਤ ਕਰਨਾਂ
- ਪਰਿਵਾਰਾਂ ਲਈ ਸਰਵਜਨਕ ਅਤੇ ਨਿਸ਼ਾਨਾ-ਯੁਕਤ ਸਰੋਤ ਅਤੇ ਪ੍ਰੋਗਰਾਮ ਵਿਕਸਤ ਕਰਨੇ
- ਸਪੀਚ ਸਾਊਂਡ ਦੇਰੀਆਂ ਤੇ ਗੜਬੜੀਆਂ ਅਤੇ ਜਨਮ ਤੋਂ 18 ਸਾਲਾਂ ਤੱਕ ਮੌਬਿਲਿਟੀ ਅਤੇ ਪੁਜ਼ੀਸ਼ਨਿੰਗ ਵਾਸਤੇ ਯੋਗਤਾ 'ਚ ਵਿਸਥਾਰ ਕਰਨਾਂ
- ਸਾਰੇ ਸਮੇਂ ਦੌਰਾਨ ਨਿਰੰਤਰ ਕੇਅਰ ਨੂੰ ਸਹਾਇਤਾ ਕਰਨ ਲਈ ਬਾਲ ਰੋਗ ਮੁੜ-ਬਹਾਲੀ ਅਤੇ ਟੀਮਾਂ ਨੂੰ ਮਜ਼ਬੂਤ ਕਰਨਾਂ

ਇਹ ਫੰਡਿੰਗ 2022-23 ਅਤੇ 2023-24 ਲਈ ਪ੍ਰਤਿ ਸਾਲ ਸਰਕਾਰ ਦੇ 10 ਮਿਲੀਅਨ ਡਾਲਰ ਤੱਕ ਦੇ ਪੂੰਜੀ-ਨਿਵੇਸ਼ ਤੋਂ ਵਧੀਕ ਹੋਵੇਗੀ, ਜਿਹੜੀ ਵਿਸ਼ੇਸ਼ੀਕ੍ਰਿਤ ਮੁਲਾਂਕਣ ਤੱਕ ਪਹੁੰਚ ਨੂੰ ਵਧਾਉਣ 'ਚ ਸਹਾਇਤਾ ਕਰੇਗੀ, ਜੋ ਇਹ ਯਕੀਨੀ ਬਣਾਵੇਗਾ ਕਿ ਉਨ੍ਹਾਂ ਬੱਚਿਆਂ ਅਤੇ ਵਿਦਿਆਰਥੀਆਂ ਦਾ ਯੋਗਤਾ-ਪ੍ਰਾਪਤ ਪ੍ਰੋਫੈਸ਼ਨਲਾਂ ਦੁਆਰਾ ਮੁਲਾਂਕਣ ਕੀਤਾ ਜਾ ਸਕੇ, ਜਿੰਨ੍ਹਾਂ ਨੂੰ ਮਹਾਂਮਾਰੀ ਦੌਰਾਨ ਵਿਸ਼ੇਸੀਕ੍ਰਿਤ ਮੁਲਾਂਕਣਾਂ ਤੱਕ ਪਹੁੰਚ ਹਾਸਲ ਨਹੀਂ ਸੀ ਹੋ ਸਕੀ, ਜਿੰਨ੍ਹਾਂ 'ਚ ਸ਼ਾਮਲ ਹਨ ਸਪੀਚ ਪੈਥਾਲੋਜਿਸਟ, ਫਿਜ਼ੀਕਲ ਥੈਰੇਪਿਸਟ, ਆਕੂਪੇਸ਼ਨਲ ਥੈਰੇਪਿਸਟ ਜਾਂ ਸਾਈਕਾਲੋਜਿਸਟ।

ਇਹ ਫੰਡਿੰਗ ਉਨ੍ਹਾਂ ਹੋਰ ਪਹਿਲਕਦਮੀਆਂ ਦਾ ਪੂਰਕ ਬਣੇਗੀ ਜਿੜੀਆਂ ਇਹ ਯਕੀਨੀ ਬਣਾਉਣ 'ਤੇ ਕੇਂਦਰਿਤ ਹਨ ਕਿ ਸੂਬੇ 'ਚ ਸਾਰੇ ਬੱਚਿਆਂ ਅਤੇ ਨਵ-ਯੁਵਕਾਂ ਨੂੰ ਨਸ਼ੇੜੀਪੁਣੇ ਅਤੇ ਮਾਨਸਿਕ ਸਿਹਤ ਲਈ ਰਿਕਵਰੀ-ਕੇਂਦਰਿਤ ਸਹਾਇਤਾ ਤੱਕ ਪੂਰੇ ਪੂਰੇ ਸਮੇਂ ਲਈ ਪਹੁੰਚ ਹਾਸਲ ਰਹੇ।

ਐਲਬਰਟਾ ਸਰਕਾਰ ਨਸ਼ੇੜੀਪੁਣੇ ਅਤੇ ਮਾਨਸਿਕ ਸਿਹਤ ਪ੍ਰੋਗਰਾਮਾਂ, ਸੇਵਾਵਾਂ ਅਤੇ ਸਹਾਇਤਾ ਉੱਪਰ 1 ਬਿਲੀਅਨ ਡਾਲਰ ਸਲਾਨਾਂ ਤੋਂ ਵੱਧ ਖਰਚ ਕਰਦੀ ਹੈ।

ਐਲਬਰਟਾ ਸਰਕਾਰ ਨੇ ਸਕੂਲਾਂ 'ਚ ਮਾਨਸਿਕ ਸਿਹਤ ਸਮੱਸਿਆਵਾਂ ਨਾਲ ਨਿਪਟਣ, ਵਿਸ਼ੇਸੀਕ੍ਰਿਤ ਮੁਲਾਂਕਣਾਂ ਅਤੇ ਸਿੱਖਣ ਦੀਆਂ ਮੁਸ਼ਕਿਲਾਂ 'ਚ ਸਹਾਇਤਾ ਵਾਸਤੇ ਨਿਸ਼ਾਨਾਂ-ਯੁਕਤ ਸਿੱਖਿਆ 'ਚ ਵੀ ਤਿੰਨ ਸਾਲਾਂ 'ਚ 110 ਮਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਕੀਤਾ ਹੈ। ਇਹ 1.4 ਬਿਲੀਅਨ ਡਾਲਰ ਦੀ ਉਸ ਸਿੱਖਿਆ ਸਹਾਇਤਾ ਫੰਡਿੰਗ ਤੋਂ ਵਧੀਕ ਹੈ ਜਿਹੜੀ ਝਟਪਟ ਬੀਮਾਰੀਆਂ ਦੀ ਲਪੇਟ 'ਚ ਆ ਜਾਣ ਵਾਲੇ ਆਪਣੇ ਬੱਚਿਆਂ ਲਈ ਸਕੂਲਾਂ ਨੂੰ ਸਿੱਧੀ ਮੁਹੱਈਆ ਕੀਤੀ ਜਾਂਦੀ ਹੈ।

## ਫੌਰੀ ਤੱਥ

- ਐਲਬਰਟਾ ਸਰਕਾਰ ਬੱਚਿਆਂ ਅਤੇ ਨਵਯੁਵਕਾਂ, ਮਾਨਸਿਕ ਸਿਹਤ, ਨਸ਼ੇੜੀਪੁਣੇ ਅਤੇ ਮੁੜ-ਬਹਾਲੀ ਸੇਵਾਵਾਂ 'ਚ ਵਿਸਤਾਰ ਲਿਆਉਣ ਲਈ ਚਾਈਲਡ ਐਂਡ ਯੂਥ ਹੈਲਥ ਸਰਵਿਸਿਜ਼ ਪਹਿਲ ਕਦਮੀ ਵਾਸਤੇ ਤਿੰਨ ਸਾਲਾਂ ਦੌਰਾਨ 87 ਮਿਲੀਅਨ ਡਾਲਰ ਮੁਹੱਈਆ ਕਰ ਰਹੀ ਹੈ।
  - ਇਹ ਯਤਨ ਐਲਬਰਟਾ ਚਾਈਲਡ ਐਂਡ ਯੂਥ ਵੈੱਲ-ਬੀਇੰਗ ਐਕਸ਼ਨ ਪਲੈਨ ਨਾਲ ਇਕਸਾਰ ਹਨ।
- ਸਾਰੇ ਬੱਚਿਆਂ, ਨਵਯੁਵਕਾਂ ਅਤੇ ਪਰਿਵਾਰਾਂ ਨੂੰ ਨਸ਼ੇੜੀਪੁਣੇ ਅਤੇ ਮਾਨਸਿਕ ਸਿਹਤ ਸਹਾਇਤਾ ਤੱਕ ਪਹੁੰਚ ਹਾਸਲ ਹੈ। ਆਪਣੀ ਕਮਿਊਨਿਟੀ 'ਚ ਉਪਲਬਧ ਸੇਵਾਵਾਂ ਬਾਰੇ ਜਾਣਕਰੀ ਲਈ 211 ਐਲਬਰਟਾ ਨਾਲ ਸੰਪਰਕ ਕਰੋ।

## ਸਬੰਧਤ ਜਾਣਕਾਰੀ

- 211 ਐਲਬਰਟਾ

## ਸਬੰਧਤ ਖਬਰਾਂ

- ਮਹਾਂਮਾਰੀ ਦੁਆਰਾ ਪ੍ਰਭਾਵਤ ਵਿਦਿਆਰਥੀਆਂ ਲਈ ਵਧੇਰੇ ਸਹਾਇਤਾ (1 ਜੂਨ 2022)
- ਬੱਚਿਆਂ ਅਤੇ ਨਵ-ਯੁਵਕਾਂ ਦੀ ਸਹਾਇਤਾ ਲਈ ਕਾਰਵਾਈ ਕਰਨਾਂ (31 ਮਈ 2022)

ALBERTA'S RECOVERY PLAN

Alberta's Recovery Plan is a plan to breathe new life into Alberta's economy and create new opportunities for every Albertan. It's a plan to build, to diversify, and to create jobs.